
# ਕਣਕ ਦੀ ਬੱਲੀ

ਬਲਵੰਤ ਗਾਰਗੀ ਸਾਡੇ ਕਲਾਕਾਰਾਂ ਦਾ ਬੜਾ ਮਨਪਸੰਦ ਨਾਟਕਕਾਰ ਹੈ। ਜਦੋਂ ਵੀ ਅਸੀਂ ਗਾਰਗੀ ਦਾ ਕੋਈ ਨਾਟਕ ਖੇਡਣ ਦਾ ਫੈਸਲਾ ਕੀਤਾ ਹੈ, ਕਲਾਕਾਰਾਂ ਨੇ ਬੜਾ ਉਤਸ਼ਾਹਤ ਮਹਿਸੂਸ ਕੀਤਾ ਹੈ। ਇਹ ਨਾਟਕ ਭਾਵੇਂ 'ਕੇਸਰੋ' ਹੋਵੇ, 'ਲੋਹਾ ਕੁੱਟ' ਹੋਵੇ 'ਕੁਆਰੀ ਟੀਸੀ' ਹੋਵੇ ਜਾਂ ਹਲਕਾ ਫੁਲਕਾ 'ਰਾਈ ਦਾ ਪਹਾੜ' ਹੋਵੇ। ਇਸ ਦਾ ਵੱਡਾ ਕਾਰਨ ਗਾਰਗੀ ਦੇ ਨਾਟਕਾਂ ਦੀ ਚੁਸਤ ਅਤੇ ਤਿੱਖੀ ਵਾਰਤਾਲਾਪ ਅਤੇ ਇਸ ਵਾਰਤਾਲਾਪ ਦੇ ਆਸਰੇ ਪਾਤਰ ਉਸਾਰੀ ਹੈ। ਗਾਰਗੀ ਇਸ ਕਲਾ ਦਾ ਉਸਤਾਦ ਨਾਟਕਕਾਰ ਹੈ। ਕਣਕ ਦੀ ਬੱਲੀ ਤਾਂ ਉਹ ਨਾਟਕ ਹੈ ਜਿਸ ਨੇ ਸਾਡੇ ਕਲਾਕਾਰਾਂ ਜਤਿੰਦਰ, ਬੁੱਧ ਸਿੰਘ (ਅੰਮ੍ਰਿਤਪਾਲ), ਨਰਿੰਦਰ ਵਾਲੀਆ, ਸੁਰੇਸ਼ ਅਤੇ ਸਤਿੰਦਰ ਨੂੰ ਪੰਜਾਬ ਅਤੇ ਪੰਜਾਬ ਤੋਂ ਬਾਹਰ ਬੰਬਈ ਵਿਚ ਬੜੀ ਪ੍ਰਸਿੱਧਤਾ ਦਿਵਾਈ ਹੈ। ਇਹ ਡਾਇਰੀ ਅਸਲ ਵਿਚ ਗਾਰਗੀ ਵਲੋਂ ਲਿਖੇ ਅਤੇ ਸਾਡੇ ਕਲਾਕਾਰਾਂ ਵਲੋਂ ਬੋਲੇ ਹੋਏ ਵਾਰਤਾਲਾਪ ਦੀ ਹੀ ਡਾਇਰੀ ਹੈ।

ਇਸ ਨਾਟਕ ਨੂੰ ਅਸੀਂ ਸੰਖੇਪ ਰੂਪ ਵਿਚ ਵੀ ਖੇਡਿਆ ਹੈ ਅਤੇ ਪੂਰੇ ਨਾਟਕ ਦੇ ਰੂਪ ਵਿਚ ਵੀ। 1967 ਵਿਚ ਬਲਰਾਜ ਸਾਹਨੀ ਜੀ ਨੇ ਜਦੋਂ ਸਾਡੇ ਨਾਲ ਡੇਢ ਮਹੀਨਾ ਪੰਜਾਬ ਦੇ ਪਿੰਡਾਂ ਵਿਚ ਦੌਰਾ ਕੀਤਾ ਸੀ ਤਾਂ ਸਾਡੇ ਵਲੋਂ ਖੇਡੇ ਗਏ ਨਾਟਕਾਂ ਵਿਚੋਂ ਹਰ ਇਕ ਪ੍ਰੋਗਰਾਮ ਤੇ ਇਹ ਨਾਟਕ ਜ਼ਰੂਰ ਸ਼ਾਮਲ ਹੁੰਦਾ ਸੀ। ਦੂਜਾ ਨਾਟਕ ਬਲਰਾਜ ਸਾਹਨੀ ਜੀ ਵਲੋਂ ਦੁੱਗਲ ਦਾ ਇਕ ਪਾਤਰੀ ਨਾਟਕ 'ਉਪਰਲੀ ਮੰਜ਼ਿਲ' ਹੁੰਦਾ ਸੀ। ਪ੍ਰੋਗਰਾਮ ਦਾ ਆਰੰਭ ਭਾਈ ਮੰਨਾ ਸਿੰਘ ਦੇ ਸਕੈਚ ਨੁਮਾ ਛੋਟੇ ਨਾਟਕ ਨਾਲ ਕੀਤਾ ਜਾਂਦਾ ਸੀ।

'ਕਣਕ ਦੀ ਬੱਲੀ' ਦੀ ਕਹਾਣੀ ਇਕ ਕੁੜੀ ਤਾਰੋ ਦੀ ਤ੍ਰਾਸਦੀ ਦੀ ਕਹਾਣੀ ਹੈ, ਜਿਸ ਦਾ ਆਪਣੇ ਹਾਣ ਦੇ ਮੁੰਡੇ ਬਚਨੇ ਨਾਲ ਪਿਆਰ ਸਿਰੇ ਨਹੀਂ ਚੜ੍ਹਦਾ। ਉਹਦਾ ਸ਼ਰਾਬੀ ਮਾਮਾ ਮਾੜੂ ਪੈਸੇ ਲੈ ਕੇ ਉਹਦਾ ਵਿਆਹ ਪਿੰਡ ਦੇ ਵੈਲੀ ਜਗੀਰਦਾਰ ਮੱਘਰ ਨਾਲ ਕਰਨਾ ਚਾਹੁੰਦਾ ਹੈ ਜਿਸ ਦੇ ਪਹਿਲੇ ਹੀ ਚਾਰ ਵਿਆਹ ਹੋਏ ਹੋਏ ਨੇ। ਤਾਬਾਂ ਇਕ ਵਿਚੋਲਣ ਹੈ। ਝੰਡੂ ਮਜ਼੍ਹਬੀ ਮੱਘਰ ਦਾ ਨੌਕਰ ਵੀ ਹੈ ਪਰ ਨਾਲ ਨਾਲ ਹਰ ਮੌਕੇ 'ਤੇ ਆਪਣੇ ਮਾਲਕ ਉਤੇ ਵਿਅੰਗਾਤਮਕ ਟਿੱਪਣੀ ਵੀ ਕਰ ਜਾਂਦਾ ਹੈ। ਨਰਾਇਣਾ ਇਕ ਬੁੱਢਾ ਰਿਟਾਇਰਡ ਫੌਜੀ ਹੈ ਜਿਸ ਨੇ ਜ਼ਿੰਦਗੀ ਦੇ ਹਰ ਰੰਗ ਨੂੰ ਹੰਢਾਇਆ ਹੋਇਆ ਹੈ। ਉਹ ਜ਼ਿੰਦਗੀ ਨੂੰ ਸੋਹਣਾ ਵੇਖਣ ਦੀ ਜਜ਼ਬਾਤੀ ਚਾਹ ਰੱਖਦਾ ਹੈ। ਠਾਕਰੀ ਮੱਘਰ ਦੀ ਵਹੁਟੀ ਹੈ, ਜਿਸ ਨਾਲ ਬਦਸਲੂਕੀ ਮੱਘਰ ਦੇ ਕਿਰਦਾਰ ਦਾ ਹਿੱਸਾ ਹੈ। ਨਾਟਕ ਦਾ ਅੰਤ ਤਾਰੋ ਵਲੋਂ ਆਤਮਘਾਤ ਕਰ ਜਾਣ ਵਿਚ ਹੈ।

ਨਾਟਕ ਸ਼ੁਰੂ ਹੁੰਦਾ ਹੈ। ਪਿੱਠ-ਭੂਮੀ ਤੇ ਲੋਕ ਬੋਲੀ ਦੇ ਬੋਲ ਉਚੇ ਹੁੰਦੇ ਹਨ – ਬੱਲੀਏ ਕਣਕ ਦੀਏ, ਤੈਨੂੰ ਖਾਣਗੇ ਨਸੀਬਾਂ ਵਾਲੇ – ਤਾਰੋ ਮੰਚ 'ਤੇ ਇਕ ਨੁੱਕਰ ਵਿਚ ਮੌਜੂਦ ਇਸ ਲੋਕ ਬੋਲੀ ਦੇ ਵਿਚ ਦੀ ਤ੍ਰਾਸਦੀ ਦੀ ਪਾਤਰ ਹੈ। ਨਰਾਇਣਾ ਫੌਜੀ ਉਹਦੇ ਦੁੱਖ ਨੂੰ ਸਮਝਦਾ ਹੈ। ਮੱਘਰ ਇਕ ਪਾਸੇ ਤੋਂ ਦਾਖਲ ਹੁੰਦਾ ਹੈ। ਝੰਡੂ ਉਹਦੀਆਂ ਜੁੱਤੀਆਂ ਝਾੜਦਾ ਉਹਦੇ ਨਾਲ ਹੈ। ਉਨ੍ਹਾਂ ਦਾ



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਦਾਖਲਾ ਵੀ ਬੜਾ ਨਾਟਕੀ ਹੈ ਤੇ ਵਾਰਤਾਲਾਪ ਵੀ ਬੜੀ ਨਾਟਕੀ ਹੈ, ਜੋ ਇਕ ਦਮ ਉਨ੍ਹਾਂ ਦੇ ਕਿਰਦਾਰਾਂ ਨੂੰ ਸਥਾਪਤ ਕਰ ਦੇਂਦੀ ਹੈ।

ਬੁੱਧ ਸਿੰਘ ਅਤੇ ਨਰਿੰਦਰ ਵਾਲੀਆ ਜਦੋਂ ਇਹ ਪਾਤਰ ਖੇਡ ਰਹੇ ਸਨ ਤਾਂ ਭਾਰਤੀ ਸਮਾਜ ਦੀ ਸਾਰੀ ਬੇਹੂਦਗੀ ਦਰਸ਼ਕ ਅੱਗੇ ਉਘੜ ਰਹੀ ਸੀ, ਜਦੋਂ ਧੱਕੇ ਸ਼ਾਹ ਲੋਕ ਗਰੀਬਾਂ ਦੀਆਂ ਬਹੂ ਬੇਟੀਆਂ ਦੀ ਇਜ਼ਤ ਨਾਲ ਖੇਡਦੇ ਹਨ।

ਮੱਘਰ ਦੀ ਤਾਰੋ 'ਤੇ ਅੱਖ ਹੈ। ਉਹ ਵਿਚੋਲਣ ਤਾਬਾਂ ਨੂੰ ਇਸ ਕੰਮ ਲਈ ਕਹਿੰਦਾ ਹੈ।

ਮਾੜੂ ਪਹਿਲੇ ਨਾਂਹ ਨੁੱਕਰ ਕਰਦਾ ਹੈ, ਪਰ ਸ਼ਰਾਬ ਦੀ ਬੋਤਲ ਵੇਖ ਕੇ ਹਾਂ ਕਰ ਦੇਂਦਾ ਹੈ। ਉਹ ਬੇਰੀ ਨਾਲੋਂ ਕੁੜੀ ਨੂੰ ਵੇਚਣਾ ਆਸਾਨ ਸਾਬਤ ਕਰ ਦਿੰਦਾ ਹੈ। ਮਾੜੂ ਦੇ ਰੂਪ ਵਿਚ ਸੁਰੇਸ਼ ਲਈ ਇਹ ਐਕਟਿੰਗ ਕਰਨੀ ਬੜੀ ਹੀ ਸੁਭਾਵਿਕ ਅਤੇ ਸੌਖੀ ਸੀ।

ਮੱਘਰ ਸਿਹਰੇ ਬੰਨ੍ਹ ਕੇ ਤਾਰੋ ਨੂੰ ਵਿਆਹੁਣ ਆਉਂਦਾ ਹੈ। ਤਾਰੋ ਨਸ ਜਾਂਦੀ ਹੈ। ਤਾਬਾਂ ਭਾਜੜ ਵਿਚ ਹੈ।

ਮਾੜੂ ਖਾਲੀ ਬੋਤਲ ਨੂੰ ਵੇਖਦਿਆਂ ਹੋਇਆਂ ਮਨਬਚਨੀ ਕਰ ਰਿਹਾ ਹੈ।

ਤਾਰੋ ਨੇ ਖੂਹ ਵਿਚ ਛਾਲ ਮਾਰ ਦਿੱਤੀ ਹੈ। ਬੁੱਢਾ ਫੌਜੀ ਨਰਾਇਣਾ ਉਹਦੀ ਲਾਸ਼ ਚੁੱਕੀ ਉਸ ਵੇਲੇ ਦਾਖਲ ਹੁੰਦਾ ਹੈ। ਸਭ ਚੁੱਪ ਹੈ ਸਿਰਫ ਇਕ ਦ੍ਰਿਸ਼ ਹੈ। ਪਿੱਠ-ਭੂਮੀ ਤੇ ਨਾਟਕ ਦੇ ਆਰੰਭ ਵਾਲੀ ਲੋਕ ਬੋਲੀ ਦੀ ਆਵਾਜ਼ ਹੌਲੀ ਹੌਲੀ ਉਚੀ ਹੁੰਦੀ ਹੈ: 'ਬੱਲੀਏ ਕਣਕ ਦੀਏ, ਤੈਨੂੰ ਖਾਣਗੇ ਨਸੀਬਾਂ ਵਾਲੇ।'

ਨਾਟਕ ਦਾ ਅੰਤ ਹੁੰਦਾ ਹੈ। ਦਰਸ਼ਕਾਂ ਉਤੇ ਇਹ ਨਾਟਕ ਦਾ ਅਦੁੱਤਾ ਪ੍ਰਭਾਵ ਹੈ। ਪੰਜਾਬੀ ਨਾਟਕ ਇਤਿਹਾਸ ਵਿਚ ਇਸ ਨਾਟਕ ਦੀ ਹਮੇਸ਼ਾ ਇਕ ਖਾਸ ਥਾਂ ਰਹੇਗੀ।

### ਪਿੱਛੋਂ ਲਿਖਿਆ ਨੋਟ

1973 ਵਿਚ ਬਲਰਾਜ ਜੀ ਦੇ ਦਿਹਾਂਤ ਤੋਂ ਸਿਰਫ ਇਕ ਹਫਤਾ ਪਹਿਲਾਂ ਬੰਬਈ ਵਿਚ ਪੰਜਾਬੀ ਕਲਾ ਕੇਂਦਰ ਬੰਬਈ ਦੇ ਸਥਾਪਨਾ ਸਮਾਗਮ ਵੇਲੇ ਇਹ ਨਾਟਕ ਬੰਬਈ ਦੇ ਜਾਣੇ ਪਛਾਣੇ ਕਲਾਕਾਰਾਂ ਵਲੋਂ ਖੇਡਿਆ ਗਿਆ। ਮੱਘਰ ਦੇ ਰੂਪ ਵਿਚ ਬਲਰਾਜ ਜੀ ਆਪ ਸਨ। ਸਟੇਜ ਤੇ ਗੁਲਾਬੀ ਪੱਗ ਵਿਚ ਅਤੇ ਵੈਲੀਆਂ ਦੀ ਮੇਕਅਪ ਵਿਚ ਬਲਰਾਜ ਜੀ ਇਕ ਖਾਸ ਸ਼ਖਸੀਅਤ ਵਿਚ ਉਘੜ ਰਹੇ ਸਨ – ਅਸਲੀ ਫਿਲਮੀ ਸ਼ਖਸੀਅਤ ਦੇ ਬਿਲਕੁਲ ਉਲਟ ਉਨ੍ਹਾਂ ਨੇ ਇਹ ਕਿਰਦਾਰ ਨਿਭਾਇਆ। ਪ੍ਰੀਤਮ ਬੇਲੀ ਝੰਡੂ ਦੇ ਰੂਪ ਵਿਚ, ਮੱਖਣ ਸਿੰਘ ਮਾੜੂ ਦੇ ਰੂਪ ਵਿਚ, ਮੰਜੂ ਭਾਟੀਆ ਤਾਬਾਂ ਦੇ ਰੂਪ ਵਿਚ, ਗੁਰਮੇਲ ਬਚਨੇ ਦੇ ਰੂਪ ਵਿਚ ਸੀ। ਬੰਬਈ ਦੀ ਇਹ ਪੇਸ਼ਕਸ਼ ਕਮਾਲ ਦੀ ਸੀ। ਪਰ ਉਸ ਵੇਲੇ ਉਸ ਪੇਸ਼ਕਸ਼ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਮੈਂ ਇਕ ਨਿਮਾਣਾ ਜਿਹਾ ਮਾਣ ਮਹਿਸੂਸ ਕੀਤਾ ਸੀ ਕਿ ਸਾਡੇ ਕਲਾਕਾਰਾਂ ਨੇ ਵੀ ਇਸ ਨਾਟਕ ਦੀ ਆਪਣੀ ਪੇਸ਼ਕਾਰੀ ਵੇਲੇ ਅਭਿਨੈ ਕਲਾ ਦਾ ਕੋਈ ਘੱਟ ਕਮਾਲ ਨਹੀਂ ਸੀ ਵਿਖਾਇਆ। ਜਤਿੰਦਰ ਵਲੋਂ ਤਾਬਾਂ ਦਾ ਖੇਡਿਆ ਪਾਤਰ ਪੰਜਾਬ ਦੀ ਸਟੇਜ ਦੀ ਇਕ ਵਿਸ਼ੇਸ਼ ਪ੍ਰਾਪਤੀ ਕਿਹਾ ਜਾ ਸਕਦਾ ਹੈ। ਟੀ.ਵੀ. ਨਾਟਕਾਂ ਵਿਚ ਉਸ ਨੇ ਬੜੀ ਪ੍ਰਸਿੱਧਤਾ ਲਈ ਹੈ ਪਰ ਇਹ ਸੱਚ ਹੈ ਕਿ ਇਹ ਟੀ.ਵੀ. ਦੇ ਪ੍ਰਬੰਧਕੀ ਢਾਂਚੇ ਦੀ ਮਜਬੂਰੀ ਵੀ ਹੈ ਤੇ ਤ੍ਰਾਸਦੀ ਵੀ ਕਿ ਉਹ ਜਤਿੰਦਰ ਦੀ ਪ੍ਰਤਿਭਾ ਦਾ ਪੂਰੀ ਤਰ੍ਹਾਂ ਲਾਭ ਨਹੀਂ ਲੈ ਸਕਿਆ। ਇਹਦਾ ਮੈਨੂੰ ਅਫਸੋਸ ਹੈ।

